# ਪ੍ਰੈਸ ਨੋਟ

ਮਿਤੀ 11.06.2022

## ਹੁਸ਼ਿਆਰਪੁਰ ਪੁਲਿਸ ਵੱਲੋਂ 01 ਕਿੱਲੋ 50 ਗ੍ਰਾਮ ਅਫੀਮ ਬਰਾਮਦ

ਮਾਨਯੋਗ ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਜੀ ਦੇ ਦਿਸ਼ਾ ਨਿਰਦੇਸ਼ਾਂ ਪਰ ਹੁਸ਼ਿਆਰਪੁਰ ਏਰੀਆ ਵਿੱਚ ਨਸ਼ਾ ਸਪਲਾਈ ਕਰਨ ਵਾਲੇ ਸਮੱਗਲਰਾਂ ਨੂੰ ਨੱਥ ਪਾਉਣ ਲਈ ਸ੍ਰੀ ਮੁੱਖਤਿਆਰ ਰਾਏ (P.P.S) ਪੁਲਿਸ ਕਪਤਾਨ ਤਫਤੀਸ਼ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਸ੍ਰੀ ਸਰਬਜੀਤ ਰਾਏ (P.P.S) ਉਪ-ਪੁਲਿਸ ਕਪਤਾਨ ਤਫਤੀਸ਼ ਹੁਸ਼ਿਆਰਪੁਰ ਅਤੇ ਇੰਚਾਰਜ਼ CIA Insp. ਬਲਵਿੰਦਰ ਪਾਲ ਦੇ ਅਧੀਨ ਵਿਸ਼ੇਸ ਟੀਮ ਵੱਲੋਂ **01 ਦੋਸ਼ੀ** ਨੂੰ ਗਿਫ੍ਰਤਾਰ ਕਰਕੇ ਉਸ ਪਾਸੋਂ **01 ਕਿਲੋ 50 ਗ੍ਰਾਮ ਅਫੀਮ** ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

ਮਾਨਯੋਗ ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਵਲੋਂ ਪ੍ਰੈਸ ਨੂੰ ਪ੍ਰੈਸ ਨੋਟ ਜਾਰੀ ਕਰਦੇ ਹੋਏ ਦੱਸਿਆ ਕਿ ਮਿਤੀ 10-06-2022 ਨੂੰ ਸੀਨੀਅਰ ਅਫਸਰਾਨ ਦੀ ਹਦਾਇਤ ਪਰ ਇੰਚਾਰਜ਼ CIA Insp. ਬਲਵਿੰਦਰ ਪਾਲ ਦੀ ਟੀਮ ASI ਨਾਮ ਦੇਵ ਨੇ ਸਮੇਤ ਪੁਲਿਸ ਪਾਰਟੀ ਗੁਪਤ ਸੂਚਨਾ ਦੇ ਅਧਾਰ ਪਰ ਮੁਹੱਲਾ ਚਾਂਦ ਨਗਰ ਤੋਂ ਅਫੀਮ ਸਪਲਾਈ ਕਰਨ ਵਾਲੇ ਵਿਅਕਤੀ ਅਮਿਤ ਨਈਅਰ ਪੁੱਤਰ ਮੰਗਲ ਦਾਸ ਵਾਸੀ ਗਲੀ ਨੰਬਰ 1 ਸੰਤਾ ਸਿੰਘ ਵਾਲੀ ਗਲੀ ਮੁਹੱਲਾ ਚਾਂਦ ਨਗਰ ਬਹਾਦਰਪੁਰ ਥਾਣਾ ਸਿਟੀ ਹੁਸ਼ਿਆਰਪੁਰ ਨੂੰ ਸਮੇਤ ਐਕਟੀਵਾ ਕਾਬੂ ਕਰਕੇ ਉਸ ਪਾਸੋਂ 1 ਕਿੱਲੋ 50 ਗ੍ਰਾਮ ਅਫੀਮ, 20 ਹਜ਼ਾਰ ਰੁਪਏ ਡਰੱਗ ਮਨੀ ਅਤੇ ਇਲੈਕਟ੍ਰੋਨਿਕ ਕੰਡਾ ਬ੍ਰਾਮਦ ਕੀਤੇ ਅਤੇ ਦੋਸ਼ੀ ਉਕਤ ਖਿਲਾਫ ਮੁੱਕਦਮਾ ਨੰਬਰ 133 ਮਿਤੀ 10-06-2022 ਅ.ਧ. 18-61-85 ਐਨ.ਡੀ.ਪੀ.ਐਸ ਐਕਟ ਥਾਣਾ ਸਿਟੀ ਹੁਸ਼ਿਆਰਪੁਰ ਜਿਲਾ ਹੁਸ਼ਿਆਰਪੁਰ ਦਰਜ਼ ਕਰਵਾਇਆ। ਦੋਸ਼ੀ ਪਾਸੋਂ ਪੁੱਛ ਗਿੱਛ ਜਾਰੀ ਹੈ ਜਿਸਨੂੰ ਅੱਜ ਪੇਸ਼ ਅਦਾਲਤ ਕੀਤਾ ਜਾਵੇਗਾ।

**ਬ੍ਰਾਮਦਗੀ:-** 01 ਕਿਲੋ 50ਗ੍ਰਾਮ ਅਫੀਮ, 20 ਹਜਾਰ ਰੁਪਏ ਡਰੱਗ ਮਨੀ ਅਤੇ ਇਲੈਕਟ੍ਰੋਨਿਕ ਕੰਡਾ ਅਤੇ ਐਕਟੀਵਾ ਬਿਨਾਂ ਨੰਬਰੀ

**ਗ੍ਰਿਫਤਾਰ ਦੋਸ਼ੀ**

ਮੁੱਕਦਮਾ ਨੰਬਰ 133 ਮਿਤੀ 10-06-2022 ਅ.ਧ. 18-61-85 ਐਨ.ਡੀ.ਪੀ.ਐਸ ਐਕਟ ਥਾਣਾ ਸਿਟੀ ਹੁਸ਼ਿਆਰਪੁਰ ਜਿਲਾ ਹੁਸ਼ਿਆਰਪੁਰ

**ਗ੍ਰਿਫਤਾਰ ਦੋਸ਼ੀ ਦੇ ਖਿਲਾਫ ਪਹਿਲਾਂ ਦਰਜ਼ ਮੁੱਕਦਮੇਂ**

ਮੁੱਕਦਮਾ ਨੰਬਰ 17 ਮਿਤੀ 30-01-2013 ਅ.ਧ. 18-61-85 ਐਨ.ਡੀ.ਪੀ.ਐਸ.ਐਕਟ ਥਾਣਾ ਸਦਰ ਹੁਸ਼ਿਆਰਪੁਰ

Scanned by TapScanner